# ਪਹਿਲੀ ਵਾਰੀ

## *ਟੀ. ਆਰ. ਵਿਨੋਦ*

ਪੰਜਾਬੀ ਦੇ ਲੋਕਪ੍ਰਿਯ ਅਤੇ ਲੋਕਪੱਖੀ ਰੰਗਕਰਮੀ ਗੁਰਸ਼ਰਨ ਸਿੰਘ ਹੋਰਾਂ ਨੂੰ ਲੋਕ 'ਭਾ ਜੀ' ਕਹਿੰਦੇ ਹਨ। 'ਭਾ' ਉਨ੍ਹਾਂ ਲਈ ਲੋਕਾਂ ਦੇ ਪਿਆਰ ਦਾ ਸੂਚਕ ਹੈ ਅਤੇ 'ਜੀ' ਸਤਿਕਾਰ ਦਾ। ਕਿਸੇ ਮਨੁੱਖ ਦੀ ਇਸ ਨਾਲੋਂ ਵੱਡੀ ਪ੍ਰਾਪਤੀ ਕੀ ਹੋ ਸਕਦੀ ਹੈ ਕਿ ਉਹਨੂੰ ਲੋਕਾਂ ਦਾ ਪਿਆਰ ਤੇ ਸਤਿਕਾਰ ਦੋਵੇਂ ਮਿਲ ਜਾਣ। ਇਹ ਉਹਨਾਂ ਦੀ ਆਪਣੀ ਕਮਾਈ ਹੈ ਅਤੇ 30-35 ਵਰ੍ਹਿਆਂ ਦੀ ਲੰਬੀ ਸਾਧਨਾ ਦਾ ਫਲ ਹੈ।

ਕੋਈ ਵੀਹ ਵਰ੍ਹੇ ਪੁਰਾਣੀ ਗੱਲ ਹੈ। ਗੌ. ਬਰਜਿੰਦਰ ਕਾਲਜ ਫ਼ਰੀਦਕੋਟ ਵਿਖੇ ਭਾ ਜੀ ਨੂੰ ਨਾਟਕ ਵਿਖਾਉਣ ਲਈ ਬੁਲਾਇਆ ਗਿਆ ਸੀ। ਮਿੱਥੇ ਸਮੇਂ ਤਕ ਕਾਲਜ ਦਾ ਗੁਰੂ ਨਾਨਕ ਪਾਰਕ ਦਰਸ਼ਕਾਂ ਨਾਲ ਪੂਰੀ ਤਰ੍ਹਾਂ ਭਰ ਗਿਆ ਸੀ ਪਰ ਭਾ ਜੀ ਦੇ ਆਉਣ ਦਾ ਕੋਈ ਥਹੁ ਪਤਾ ਨਹੀਂ ਸੀ। ਦਰਸ਼ਕਾਂ ਦੇ ਹੜ੍ਹ ਨੂੰ ਸ਼ਾਂਤ ਰੱਖਣ ਲਈ ਗੀਤ-ਸੰਗੀਤ ਦਾ ਪ੍ਰੋਗਰਾਮ ਚਲਦਿਆਂ ਇਕ ਘੰਟਾ ਬੀਤ ਗਿਆ ਸੀ। ਪ੍ਰਿੰਸੀਪਲ ਗੁਰਚਰਨ ਸਿੰਘ ਅਤੇ ਅਸੀਂ ਅਧਿਆਪਕ ਫ਼ਿਕਰ ਵਿਚ ਡੁੱਬੇ ਹੋਏ ਭਾ ਜੀ ਦੀ ਉਡੀਕ ਕਰ ਰਹੇ ਸਾਂ ਕਿ ਉਨ੍ਹਾਂ ਦੀ ਟੈਕਸੀ ਪਾਰਕ ਦੇ ਬੂਹੇ ਤੇ ਆ ਰੁਕੀ। ਭਾ ਜੀ ਅਤੇ ਉਨ੍ਹਾਂ ਦੀ ਟੀਮ ਦੇ ਚਾਰ ਮੈਂਬਰ ਟੈਕਸੀ ਵਿਚੋਂ ਉਤਰੇ, ਡਿੱਗੀ ਖੋਲ੍ਹੀ ਅਤੇ ਇਕ ਟਰੰਕ ਚੁੱਕ ਕੇ ਤੁਰਨ ਹੀ ਲੱਗੇ ਸਨ ਕਿ ਅਸੀਂ ਵੀ ਪਹੁੰਚ ਗਏ। "ਕੋਈ ਗੱਲ ਨਹੀਂ ਇਹ ਚੁੱਕ ਲੈਣਗੇ... ਭਾਰਾ ਨਹੀਂ... ਅੰਮ੍ਰਿਤਸਰ ਤੋਂ ਅਸੀਂ ਸਵੇਰੇ ਹੀ ਚਲ ਪਏ ਸਾਂ ਪਰ ਹਰੀ ਕੇ ਪੱਤਣ ਇਕ ਸ਼ੋਅ ਦੇਣਾ ਸੀ, ਸੋ ਥੋੜ੍ਹਾ ਲੇਟ ਹੋ ਗਏ..." ਗੱਲਾਂ ਕਰਦੇ ਕਰਦੇ ਭਾ ਜੀ ਅਤੇ ਉਨ੍ਹਾਂ ਦੀ ਟੀਮ ਸਟੇਜ ਉਤੇ ਪਹੁੰਚ ਗਏ। "ਚਾਹ ਪਾਣੀ... ਦੇਖ ਲਵਾਂਗੇ... ਤੁਸੀਂ ਐਨਾਊਂਸ ਕਰੋ ਅਸੀਂ ਤਿਆਰ ਹਾਂ"... ਅਤੇ ਤਿੰਨ ਚਾਰ ਮਿੰਟਾਂ ਪਿੱਛੋਂ ਨਾਟਕ ਸ਼ੁਰੂ ਹੋ ਗਿਆ—ਪਾਰਲੀਮੈਂਟ ਭਾ ਜੀ ਦਾ ਆਪਣਾ ਲਿਖਿਆ ਹੋਇਆ।

ਪਰਦਾ ਉਠਿਆ। ਨਾਲ ਲਿਆਂਦਾ ਟਰੰਕ ਸਟੇਜ ਦੇ ਵਿਚਾਲੇ ਪਿਆ ਸੀ। ਭਾ ਜੀ ਉਸ ਉਤੇ ਖਲੋਤੇ ਆਪਣੀ ਟੱਲੀ ਵਰਗੀ ਟੁਣਕਦੀ ਅਤੇ ਸਾਰੰਗੀ ਵਾਂਗ ਲਰਜ਼ਦੀ ਆਵਾਜ਼ ਵਿਚ ਆਖ ਰਹੇ ਸਨ, "ਇਹ ਸਾਡੀ ਪਾਰਲੀਮੈਂਟ ਹੈ। ਮੈਂ ਇਸ ਦਾ ਸਪੀਕਰ ਹਾਂ। ਮੇਰੇ ਸੱਜੇ ਪਾਸੇ ਹਾਕਮ ਪਾਰਟੀ ਬੈਠੀ ਹੈ ਅਤੇ ਖੱਬੇ ਵਿਰੋਧੀ ਪਾਰਟੀ।" ਪਾਰਲੀਮਾਨੀ ਜੰਗ ਉਤੇ ਇਸ ਨਾਟਕ ਵਿਚ ਉਹ ਭਿਉਂ-ਭਿਉਂ ਕੇ ਮਾਰੀਆਂ ਗਈਆਂ ਕਿ ਸੱਜਿਆਂ-

ਖੱਬਿਆਂ ਦਾ ਸਾਰਾ ਫ਼ਰਕ ਮਿਟ ਗਿਆ। ਸਾਰੇ ਇਕੋ ਥੈਲੀ ਦੇ ਵੱਟੇ ਜਾਪਣ ਲਗ ਪਏ।

ਦੂਜਾ ਨਾਟਕ ਨਾਨਕ ਸਿੰਘ ਦੇ ਨਾਵਲ "ਕੋਈ ਹਰਿਓ ਬੂਟ ਰਹਿਓ ਰੀ" ਤੇ ਆਧਾਰਿਤ ਸੀ। ਵਿਚਾਲੇ ਜਿਹੇ ਦਰਸ਼ਕਾਂ ਵਿਚ ਰੌਲਾ ਪੈ ਗਿਆ। ਜਦੋਂ ਦਰਸ਼ਕਾਂ ਵਿਚੋਂ ਹੀ ਇਕ ਬੰਦਾ ਉਠਕੇ ਸਵਾਲ-ਜਵਾਬ ਕਰਨ ਲਗ ਪਿਆ। ਭਾ ਜੀ ਨੂੰ ਇਹ ਦੱਸਣਾ ਪਿਆ ਕਿ ਇਹ ਤਾਂ ਭਾਈ ਸਾਡਾ ਹੀ ਬੰਦਾ ਹੈ—ਨਾਟਕ ਦਾ ਇਕ ਪਾਤਰ।

ਤੀਜਾ ਨਾਟਕ 'ਜਿਨ ਸਚੁ ਪਲੈ ਹੋਇ" ਸੀ ਗੁਰਦਿਆਲ ਸਿੰਘ ਫੁੱਲ ਦਾ ਲਿਖਿਆ ਹੋਇਆ। ਨਾਟਕ ਮੁਕਦਿਆਂ ਹੀ ਭਾ ਜੀ ਸਟੇਜ ਉਤੇ ਆ ਚੜ੍ਹੇ, "ਸਾਥੀਓ, ਅਸੀਂ ਕੁਝ ਕਿਤਾਬਾਂ ਲੈ ਕੇ ਆਏ ਹਾਂ, ਲਾਗਤ ਨਾਲੋਂ ਵੀ ਸਸਤੀਆਂ ਹਨ, ਵਧੀਆ ਵੀ। ਦਸ ਕੁ ਮਿੰਟਾਂ ਵਿਚ ਤੁਸੀਂ ਖਰੀਦ ਸਕਦੇ ਹੋ। ਫੇਰ ਅਸੀਂ ਚਲੇ ਜਾਣਾ ਹੈ।"

ਰੋਟੀਆਂ ਖਾਣ ਲੱਗਿਆਂ ਭੇਟਾ ਦੀ ਗੱਲ ਤੁਰੀ ਤਾਂ ਆਖਣ ਲੱਗੇ, "ਬਸ ਤਿੰਨ ਸੌ ਕਾਫੀ ਹਨ, ਟੈਕਸੀ ਦਾ ਕਿਰਾਇਆ। ਹੁਣੇ ਅਸੀਂ ਮੁਕਤਸਰ ਜਾ ਕੇ ਸ਼ੋਅ ਕਰਾਂਗੇ। ਦੋ ਸੌ ਉਥੋਂ ਲਵਾਂਗੇ—ਇਨ੍ਹਾਂ ਕਲਾਕਾਰਾਂ ਦੀ ਇਕ ਦਿਨ ਦੀ ਤਨਖਾਹ ਜਿਹੜੀ ਵਿਦਆਊਟ ਪੇ ਛੁੱਟੀ ਕਰਕੇ ਕੱਟੀ ਜਾਣੀ ਹੈ। ਹਰੀ ਕੇ ਪੱਤਣ ਤਾਂ ਨੌਜਵਾਨ ਸਭਾ ਵਾਲਿਆਂ ਦਾ ਸਮਾਗਮ ਸੀ, ਉਨ੍ਹਾਂ ਕੋਲ ਤਾਂ ਪੈਸੇ ਹੀ ਨਹੀਂ ਸਨ।

ਲੋਕਪੱਖੀ ਸਾਹਿਤਕਾਰਾਂ ਬਾਰੇ ਬੜਾ ਕੁਝ ਪੜ੍ਹਿਆ-ਸੁਣਿਆ ਸੀ ਪਰ ਦਰਸ਼ਨ ਕਰਨ ਦਾ ਸੁਭਾਗ ਪਹਿਲੀ ਵਾਰ ਪ੍ਰਾਪਤ ਹੋਇਆ ਸੀ।

ਕੈਂਨਟੀਨ ਉਤੇ ਚਾਹ ਪੀਂਦਿਆਂ ਨਾਟਕਾਂ ਬਾਰੇ ਗੱਲਾਂ ਹੋਣ ਲਗ ਪਈਆਂ। ਮੈਂ ਆਖਿਆ,"ਉਹ 'ਜਿਨ ਸਚੁ ਪਲੈ ਹੋਇ' ਵਿਚ ਜੋ ਨਾਲਾ ਟੁੰਗਣ ਦਾ ਐਕਸ਼ਨ ਸੀ, ਕਮਾਲ ਸੀ ਜਿਵੇਂ ਨਾਟਕ ਦੀ ਸਕਰਿਪਟ ਦਾ ਹੀ ਹਿੱਸਾ ਹੋਵੇ।" "ਤੂੰ ਨੀ ਜਾਣਦਾ, ਉਹ ਕਲਾਕਾਰ ਭਾ ਜੀ ਦੀ ਵਾਈਫ ਕੈਲਾਸ਼ ਜੀ ਹਨ।" ਮੇਰੇ ਮਰਹੂਮ ਦੋਸਤ ਕਮਲਜੀਤ ਹੋਰਾਂ ਆਖਿਆ। ਮੈਂ ਹੈਰਾਨ ਸਾਂ। ਪਹਿਲੀ ਵਾਰੀ 'ਏਕ ਜੋਤਿ ਦੋਇ ਮੂਰਤ' ਦੇ ਅਰਥ ਸਮਝ ਪਏ ਸਨ।

ਇਕ ਦ੍ਰਿਸ਼ ਨਾਟਕ ਕਲਾ ਦੇ ਕੇਂਦਰ ਕਲਕੱਤੇ ਦਾ ਵੀ। ਸੜਕਨਾਮਾ ਵਾਲੇ ਬਲਦੇਵ ਸਿੰਘ ਨੇ ਮੈਨੂੰ ਪੰਜਾਬੀ ਕਹਾਣੀ ਬੋਲਣ ਲਈ ਬੁਲਾਇਆ ਸੀ। ਭਾ ਜੀ ਨੇ ਨਾਟਕ ਖੇਡਣ ਆਉਣਾ ਸੀ। ਮਿੱਥੇ ਦਿਨ ਉਤੇ ਉਹ ਸ਼ਾਮ ਦੇ ਅੱਠ ਵਜੇ ਵਾਲੀ ਗੱਡੀ ਉਤਰੇ ਅਤੇ ਆਪਣੀ ਟੀਮ ਸਮੇਤ ਸਿੱਧੇ ਥੀਏਟਰ ਵਿਚ ਪਹੁੰਚ ਗਏ। ਬਿਨਾਂ ਕਿਸੇ ਰਸਮੀ ਉਚੇਚ ਤੋਂ ਨਾਟਕ ਸ਼ੁਰੂ। ਤਿੰਨ ਨਾਟਕ ਉਨ੍ਹਾਂ ਪੰਜਾਬੀ ਵਿਚ ਖੇਡੇ-ਪੰਜਾਬੀ ਅਤੇ ਬੰਗਾਲੀ ਦਰਸ਼ਕਾਂ ਦੇ ਸਨਮੁੱਖ। ਸਾਰਿਆਂ ਉਤੇ ਉਨ੍ਹਾਂ ਦੀ ਕਲਾ ਦਾ ਜਾਦੂ ਵਰਗਾ ਅਸਰ। ਭਾਸ਼ਾ-ਕੋਈ ਰੁਕਾਵਟ ਨਾ ਬਣੀ। ਮੰਚ-ਸੱਜਾ ਬਿਲਕੁਲ ਸਾਧਾਰਣ। ਫੇਰ ਵੀ ਸਾਰੇ ਦਰਸ਼ਕ ਉਨ੍ਹਾਂ ਦੀ ਕਲਾ ਨਾਲ ਇਕਸੁਰ। ਪਹਿਲੀ ਵਾਰ ਮਹਿਸੂਸ ਹੋਇਆ ਕਿ ਨਾਟਕ ਦੀ ਬੋਲੀ ਭਾਸ਼ਾਈ ਬਣਤਰਾਂ ਨਹੀਂ ਹੁੰਦੀਆਂ, ਅਦਾਕਾਰਾਂ ਦੇ ਅੰਗਾਂ ਦੀ ਹਰਕਤਾਂ ਹੁੰਦੀਆਂ ਹਨ ਜੋ ਭਾਸ਼ਾਈ ਹੱਦਬੰਦੀਆਂ ਤੋਂ ਪਾਰ ਹੁੰਦੀਆਂ ਹਨ।

ਮੈਂ ਭਾ ਜੀ ਹੋਰਾਂ ਨੂੰ ਪਿੰਡ ਦੇ ਚੌਂਤਰਿਆਂ ਤੇ, ਸੱਥਾਂ ਵਿਚ ਢਾਹੇ ਤਖ਼ਤਪੋਸ਼ਾਂ ਤੇ ਗਲੀਆਂ ਦੇ ਮੋੜਾਂ ਤੇ ਅਤੇ ਫਿਰਨੀਆਂ ਤੇ ਖਲੋਤੇ ਗੱਡਿਆਂ ਤੇ, ਹਜ਼ਾਰਾਂ ਦੀ ਗਿਣਤੀ ਵਿਚ ਇਕੱਠੇ ਹੋਏ ਅਨਪੜ੍ਹ ਦਰਸ਼ਕਾਂ ਦੇ ਸਾਹਵੇਂ ਸਾਰੀ ਸਾਰੀ ਰਾਤ ਵਿਚਾਰ ਪ੍ਰਧਾਨ ਸਾਹਿਤਿਕ ਨਾਟਕ ਖੇਡਦਿਆਂ ਤੱਕਿਆ ਹੈ। ਚਾਰ ਕੁ ਕਲਾਕਾਰਾਂ ਅਤੇ ਇਕ ਟਰੰਕ ਵਿਚ ਬੰਦ ਮੰਚ-ਸਮੱਗਰੀ ਨਾਲ ਉਹ ਦਰਸ਼ਕਾਂ ਨੂੰ ਕੀਲ ਕੇ ਬਿਠਾਈ ਰਖਦੇ ਹਨ ਅਤੇ ਆਪਣਾ ਸੁਨੇਹਾ ਦੇ ਕੇ 'ਪਹੁਤਾ ਪਾਂਧੀ' ਵਾਂਗ ਤੁਰ ਜਾਂਦੇ ਹਨ। ਇਹ ਨਾਟਕ ਵੇਖ ਕੇ ਪਹਿਲੀ ਵਾਰ ਮਹਿਸੂਸ ਕੀਤਾ ਸੀ ਕਿ ਲੋਕਾਂ ਦੇ ਸੁਹਜ-ਸੁਆਦ ਦੀ ਬਾਂਹ ਫੜ ਕੇ ਹੀ ਉਨ੍ਹਾਂ ਲਈ ਕੁਝ ਕੀਤਾ ਜਾਣਾ ਸੰਭਵ ਹੈ। ਪੇਂਡੂ ਰੰਗਮੰਚ ਅਤੇ ਨੁੱਕੜ ਨਾਟਕ ਦੇ ਮੋਢੀ ਭਾ ਜੀ, ਸ਼ਾਇਦ ਇਸ ਪੱਖੋਂ ਸਭ ਤੋਂ ਵੱਧ ਚੇਤੰਨ ਕਲਾਕਾਰ ਹਨ।

ਪਿੱਛੇ ਜਿਹੇ ਭਾ ਜੀ ਪੰਜਾਬੀ ਯੂਨੀਵਰਸਿਟੀ ਦੇ ਰੀਜਨਲ ਸੈਂਟਰ ਬਠਿੰਡਾ ਵਿਖੇ ਆਏ ਸਨ। ਉਨ੍ਹਾਂ ਦਾ ਇਕ ਕਲਾਕਾਰ ਪਹੁੰਚ ਨਹੀਂ ਸਕਿਆ ਸੀ। ਭਾ ਜੀ ਨੇ ਉਥੇ ਹੀ ਪੰਜ ਅਦਾਕਾਰਾਂ ਵਾਲੇ ਨਾਟਕਾਂ ਨੂੰ ਚਾਰ ਅਦਾਕਾਰਾਂ ਵਾਲੇ ਨਾਟਕ ਵਿਚ ਸਮੇਟ ਕੇ ਉਤਨੇ ਹੀ ਪ੍ਰਭਾਵਸ਼ਾਲੀ ਰੂਪ ਵਿਚ ਪ੍ਰਦਰਸ਼ਿਤ ਕਰ ਦਿੱਤਾ। ਕਿਤੇ ਕੋਈ ਖੱਪਾ ਨਜ਼ਰ ਨਹੀਂ ਆਇਆ। ਇਮਾਰਤ ਦੇ ਵਰਾਂਡੇ ਨੂੰ ਉਨ੍ਹਾਂ ਨੇ ਸਟੇਜ ਬਣਾ ਲਿਆ ਅਤੇ ਬਿਨਾਂ ਮਾਇਕ ਤੋਂ ਹੀ ਸਾਰਾ ਨਾਟਕ ਦਰਸ਼ਕਾਂ ਦੇ ਦਿਲ ਤਕ ਪਹੁੰਚਾ ਦਿੱਤਾ। ਪਿੱਛੇ ਜਦੋਂ ਰੂ-ਬਰੂ ਪ੍ਰੋਗਰਾਮ ਵਿਚ ਉਨ੍ਹਾਂ ਤੋਂ ਉਨ੍ਹਾਂ ਦੀ ਕਲਾ ਬਾਰੇ ਸਵਾਲ ਪੁੱਛੇ ਗਏ ਤਾਂ ਉਨ੍ਹਾਂ ਦੀ ਅਵਾਜ਼ ਵਿਚ ਨਿੱਗਰਤਾ, ਸਪੱਸ਼ਟਤਾ ਅਤੇ ਦ੍ਰਿੜਤਾ ਸੀ ਕਿ ਲੋਕ ਅਸ਼ ਅਸ਼ ਕਰ ਉਠੇ। ਮੈਨੂੰ ਪਹਿਲੀ ਵਾਰੀ ਮਹਿਸੂਸ ਹੋਇਆ ਕਿ ਭਾ ਜੀ ਜਿੱਡੇ ਵੱਡੇ ਕਲਾਕਾਰ ਹਨ, ਉਨ੍ਹੇ ਹੀ ਵੱਡੇ ਨਾਟਕ ਦੇ ਚਿੰਤਕ ਵੀ ਹਨ।

ਭਾ ਜੀ ਨੇ ਨਾਟਕ ਲਿਖੇ ਹਨ, ਖੇਡੇ ਹਨ ਅਤੇ ਨਰਦੇਸ਼ਿਤ ਵੀ ਕੀਤੇ ਹਨ। ਹੋਰ ਨਾਟਕਕਾਰਾਂ ਦੇ ਨਾਟਕ ਵੀ ਉਨ੍ਹਾਂ ਨੇ ਮੰਚਿਤ ਕੀਤੇ ਹਨ। ਸਭ ਤੋਂ ਵੱਡੀ ਗੱਲ ਇਹ ਹੈ ਕਿ ਉਨ੍ਹਾਂ ਨੇ ਲੋਕ-ਪੱਖੀ ਗਲਪ ਦੇ ਨਾਟਕੀ ਰੂਪਾਂਤ੍ਰਣ ਪੇਸ਼ ਕਰਨ ਦੀ ਅਹਿਮ ਲੀਹ ਪੰਜਾਬੀ ਵਿਚ ਪਾਈ ਹੈ। ਉਨ੍ਹਾਂ ਨੇ ਸੈਂਕੜੇ ਨਾਟਕ ਪਿੰਡਾਂ, ਮੰਡੀਆਂ, ਕਸਬਿਆਂ ਅਤੇ ਸ਼ਹਿਰਾਂ ਵਿਚ ਵਿਖਾਏ ਹਨ ਅਤੇ ਇਕੋ ਨਾਟਕ ਦੀਆਂ ਹਜ਼ਾਰਾਂ ਪੇਸ਼ਕਾਰੀਆਂ ਵੀ ਕੀਤੀਆਂ ਹਨ। ਇਕ ਦਿਨ ਵਿਚ ਤਿੰਨ ਤਿੰਨ ਥਾਵਾਂ ਉਤੇ ਚਾਰ ਚਾਰ ਨਾਟਕ ਖੇਡੇ ਹਨ ਅਤੇ ਇਕੋ ਨਾਟਕ ਦੇ ਵੱਖ ਵੱਖ ਥਾਵਾਂ ਤੇ ਕਈ ਕਈ ਸ਼ੋਅ ਵੀ ਦਿੱਤੇ ਹਨ। ਪਰ ਨਿਰਮਾਣ ਇੰਨੇ ਹਨ ਕਿ ਕਦੇ ਵੀ ਮਾਨ ਸਨਮਾਨ ਦੀ ਆਸ ਨਹੀਂ ਰੱਖੀ। ਮੈਨੂੰ ਉਨ੍ਹਾਂ ਦੀ ਉਹ ਮੁਲਾਕਾਤ ਕਦੇ ਨਹੀਂ ਭੁੱਲਦੀ ਜਿਸ ਵਿਚ ਔਲਖ ਨੂੰ ਆਪਣੇ ਨਾਲੋਂ ਵੱਡਾ ਮੰਚ-ਕਰਮੀ ਆਖਿਆ ਸੀ।

ਪਿਛਲੇ ਵਰ੍ਹੇ ਉਨ੍ਹਾਂ ਨੂੰ ਫੁੱਲ ਮੈਮੋਰੀਅਲ ਮੰਚਣ ਐਵਾਰਡ ਨਾਲ ਸਨਮਾਨਿਆਂ ਗਿਆ ਸੀ। ਮੈਨੂੰ ਪਰ, ਇਉਂ ਲਗਦਾ ਹੈ ਜਿਵੇਂ ਇਸ ਐਵਾਰਡ ਦਾ ਕੱਦ ਉੱਚਾ ਹੋਇਆ ਹੋਵੇ।